# ਬੱਚਿਆਂ ਲਈ ਬਾਈਬਲ

ਉਪੱਸਥਿਤ



# ਨਦੀ ਦੇ ਵਿੱਚੋਂ ਰਾਜਕੁਮਾਰ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus Alastair Paterson

ਦੁਆਰਾ ਬਦਲਿਆ ਗਿਆ : M. Maillot; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque



ਦੁਆਰਾ ਬਣਾਇਆ ਗਿਆ : Bible for Children

www.M1914.org

BFC
PO Box 3
Winnipeg, MB R3C 2G1
Canada



©2022 Bible for Children, Inc.

ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।






ਪ੍ਰਦਾਨ ਮੰਤਰੀ ਯੂਸਫ਼ ਮਰ ਗਿਆ ਸੀ! ਸਾਰੇ ਮਿਸਰੀ ਪਰਿਵਾਰਾਂ ਨੇ ਉਸ ਲਈ ਅਫ਼ਸੋਸ ਕੀਤਾ। ਪਰਮੇਸ਼ਵਰ ਨੇ ਯਹੂਦੀ ਯੂਸਫ਼ ਨੂੰ ਦੇਸ਼ ਨੂੰ ਅਕਾਲ ਤੋਂ ਬਚਾਉਣ ਲਈ ਇਸਤੇਮਾਲ ਕੀਤਾ ਸੀ। ਉਹ ਬੁੱਧੀਮਾਨ ਅਤੇ ਪਿਆਰਾ ਪ੍ਰਧਾਨ ਸੀ। ਹੁਣ ਉਹ ਚਲਾ ਗਿਆ ਸੀ।

ਤਿੰਨ ਸੌ (300) ਸਾਲਾਂ ਦੇ ਲੰਬੇ ਅਰਸੇ ਟੋ ਗ਼ੁਜਰਣ ਬਾਅਦ। ਯੂਸਫ਼ ਦੇ ਲੋਕ, ਯਹੂਦੀ, ਮਿਸਰ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਵਧ ਗਏ ਸਨ। ਨਵਾਂ ਫ਼ਿਰਾਉਨ ਡਰ ਗਿਆ ਕਿਤੇ ਯਹੂਦੀ ਉਸਦੀ ਵਿਰੋਧਤਾ ਵਿੱਚ ਨਾ ਹੋ ਜਾਣ, ਤਾਂ ਉਸਨੇ ਉਹਨਾਂ ਸਾਰਿਆਂ ਨੂੰ ਗੁਲਾਮ ਬਣਾ ਲਿਆ।



3

ਫ਼ਿਰਾਉਨ ਨੇ ਯਹੂਦੀਆਂ ਨਾਲ ਬੜਾ ਹੀ ਬੁਰਾ ਵਿਵਹਾਰ ਕੀਤਾ। ਉਸਨੇ ਉਹਨਾਂ ਨੂੰ ਮਹਾਨ ਸ਼ਹਿਰ ਬਣਾਉਣ ਲਈ ਮਜ਼ਬੂਰ ਕੀਤਾ। ਪਰ ਉਸ ਨੂੰ ਕੋਈ ਟੋ ਫਰਕ ਨਹੀ ਸੀ ਕੇ ਉਹ ਕਿੰਨੀ ਸਖਤ ਮਿਹਨਤ ਕਰਨ, ਯਹੂਦੀ ਗੁਲਾਮ ਲਗਾਤਾਰ ਗਿਣਤੀ ਵਿੱਚ ਵੱਧਦੇ ਗਏ।



4

ਇੱਕ ਦਿਨ, ਇੱਕ ਭਿਆਨਕ ਆਗਿਆ ਫ਼ਿਰਾਉਨ ਦੇ ਵੱਲੋਂ ਆਈ। “ਸਾਰੇ ਨਵੇਂ ਜਨਮੇ ਯਹੂਦੀ ਬੱਚੇ ਨੀਲ ਨਦੀ ਵਿੱਚ ਸੁੱਟੇ ਜਾਣ।” ਦੁਸ਼ਟ ਫ਼ਿਰਾਉਨ ਯਹੂਦੀਆਂ ਦੀ ਗਿਣਤੀ ਘਟਾਉਣ ਲਈ ਦ੍ਰਿੜ ਸੀ। ਉਹ ਬੱਚਿਆਂ ਦੇ ਕਤਲ ਵੀ ਕਰ ਦੇਵੇਗਾ!



5

“ਅਸੀ ਕੀ ਕਰੀਏ?” ਇੱਕ ਪਰਿਵਾਰ ਜਰੂਰ ਹੈਰਾਨ ਹੋਵੇਗਾ। ਉਹਨਾਂ ਨੇ ਆਪਣੇ ਬੱਚੇ ਨੂੰ ਨੀਲ ਨਦੀ ਵਿੱਚ ਸੁੱਟਣ ਦਾ ਫੈਸਲਾ ਕੀਤਾ। ਪਰ ਉਹ ਇੱਕ ਨਿੱਘੀ ਪਾਣੀ ਵਾਲੀ ਤੰਗ ਟੋਕਰੀ ਵਿੱਚ ਹੋਵੇਗਾ।



6

ਉਹ ਕੀਮਤੀ ਭਾਰ ਲਿਜਾਂਦੀ, ਛੋਟੀ ਕਿਸ਼ਤੀ ਸਮਾਨ ਟੋਕਰੀ ਕਾਨਿਆਂ ਦੇ ਵਿੱਚੋਂ ਤੈਰ ਰਹੀ ਸੀ। ਕੀ ਕੁਝ ਉਸ ਛੋਟੇ ਬੱਚੇ ਨਾਲ ਵਾਪਰੇਗਾ?



7

ਦੂਰ ਤੋਂ, ਬੱਚੇ ਦੀ ਛੋਟੀ ਭੈਣ ਉਸ ਕੀਮਤੀ ਟੋਕਰੀ ਨੂੰ ਦੇਖ ਰਹੀ ਸੀ ਜਿੱਥੇ ਉਹ ਛੋਟੇ ਵਾਲਾਂ ਵਾਲੀ ਸਹਿਜੇ ਨਾਲ ਕਾਨਿਆਂ ਦੇ ਵਿੱਚ ਸੀ।



8


ਅਚਾਨਕ ਫ਼ਿਰਾਊਨ ਦੀ ਬੇਟੀ ਅਤੇ ਉਸਦੀਆ ਦਾਸੀਆਂ ਨਹਾਉਣ ਲਈ ਨਦੀ ਤੇ ਆਈਆਂ। ਉੱਥੇ ਟੋਕਰੀ ਦੇ ਲੁਕਾਉਣ ਲਈ ਕੋਈ ਜ਼ਗਾ ਨਹੀ ਸੀ।ਸ਼ਾਇਦ ਉਹ ਵੇਖੇ ਬਿਨਾਂ ਲੰਗ ਜਾਦੀਆਂ।
9


"ਹਾਏ! ਇੱਕ ਟੋਕਰੀ। ਉੱਥੇ ਕਾਨਿਆਂ ਦੇ ਵਿੱਚ। ਮੈਂ ਟੋ ਹੈਰਾਨ ਹੋਈ ਕੀ ਉਸਦੇ ਵਿੱਚ ਕੀ ਹੈ।" ਫ਼ਿਰਾਊਨ ਦੀ ਬੇਟੀ ਨੇ ਆਪਣੀ ਦਾਸੀ ਨੂੰ ਟੋਕਰੀ ਲਿਆਉਣ ਲਈ ਕਿਹਾ। ਜਦ ਉਸਨੇ ਉਸਨੂੰ ਖੋਲਿਆ – ਤਾਂ ਬੱਚੇ ਨੇ ਰੋਣਾ ਸ਼ੁਰੂ ਕਰ ਦਿੱਤਾ। "ਇਹ ਇੱਕ ਯਹੂਦੀ ਬੱਚਾ ਹੈ," ਰਾਜਕੁਮਾਰੀ ਨੇ ਚੀਕ ਕੇ ਆਖਿਆ।
10


"ਵਿਚਾਰੀ ਛੋਟੀ ਜਿਹੀ ਵਸਤੂ। ਤੂੰ ਬਹੁਤ ਸੁੰਦਰ ਹੈ।" ਸ਼ਾਇਦ ਫ਼ਿਰਾਊਨ ਦੀ ਬੇਟੀ ਨੇ ਬੱਚੇ ਨਾਲ ਗੱਲਾਂ ਕੀਤੀਆਂ ਜਿਵੇਂ ਬਾਲਗ ਦੇ ਨਾਲ ਕਈ ਤਰੀਕਿਆਂ ਨਾਲ ਕਰਦੇ ਹਨ। ਸ਼ਾਇਦ ਉਸਨੇ ਇਹ ਵੀ ਆਖਿਆ ਹੋਵੇਗਾ "ਉੱਚੀ – ਕੂਚੀ ਕੂ ਉਮਹ"– ਬੇਸ਼ੱਕ ਮਿਸਰੀ ਵਿੱਚ।
11


ਪਰਮੇਸ਼ਵਰ ਨੇ ਜਰੂਰ ਬੱਚੇ ਦੀ ਭੈਣ ਨੂੰ ਅਨੋਖੀ ਬੁੱਧੀ ਦਿੱਤੀ ਹੋਵੇਗੀ। ਉਹ ਫ਼ਿਰਾਊਨ ਦੀ ਬੇਟੀ ਕੋਲ ਭੱਜ ਕੇ ਆਈ। "ਕੀ ਮੈਂ ਇੱਕ ਯਹੂਦੀ ਔਰਤ ਨੂੰ ਭਾਲਾਂ ਜੋ ਤੁਹਾਡੇ ਲਈ ਇਸ ਬੱਚੇ ਦੀ ਦੇਖ ਭਾਲ ਕਰੇ?" "ਜਾਹ ਲਿਆ," ਇਹ ਜਵਾਬ ਸੀ। ਤੁਸੀ ਕੀ ਸੋਚਦੇ ਹੋ ਕੇ ਲੜਕੀ ਕਿਸ ਨੂੰ ਬੁਲਾਉਣ ਲਈ ਦੌੜੀ?
12


"ਮਾਂ! ਛੇਤੀ ਨਾਲ ਆ! ਹਾਏ, ਛੇਤੀ ਨਾਲ!" ਸ਼ਾਇਦ ਲੜਕੀ ਕੋਲ ਸਮਝਾਉਣ ਦਾ ਸਮਾ ਨਹੀ ਸੀ। ਇਕੱਠੇ, ਦੋਨਾਂ ਨੇ ਪਿਛਲੀ ਡੰਡੀ ਵੱਲ ਦੌੜ ਲਾਈ।
13


ਨਦੀ ਦੇ ਪਿੱਛੇ, ਫ਼ਿਰਾਊਨ ਦੀ ਬੇਟੀ ਨੇ ਬੱਚੇ ਨੂੰ ਬਾਹਰ ਫੜਿਆ। "ਮੇਰੇ ਲਈ ਇਸ ਦੀ ਸੇਵਾ ਕਰ। ਮੈ ਤੈਨੂੰ ਤਨਖਾਹ ਦਿਆਂਗੀ। ਇਸ ਨੂੰ ਮੂਸਾ ਕਹੀ।" ਸ਼ਾਇਦ ਮਿਸਰੀਆਂ ਲਈ ਮੂਸਾ ਪਾਣੀ ਦਾ ਪੁੱਤਰ ਸੀ।
14

ਤਾਂ ਮੂਸਾ ਆਪਣੇ ਘਰ ਅਤੇ ਪਰਿਵਾਰ ਵਿੱਚ ਮੁੜ ਗਿਆ। ਉਹਨਾਂ ਨੇ ਉਸਨੂੰ ਪਰਮੇਸ਼ਵਰ ਅਤੇ ਯਹੂਦੀ ਲੋਕਾਂ ਨੂੰ ਪਿਆਰ ਕਰਨਾ ਸਿਖਾਇਆ। ਜਲਦ ਹੀ ਉਹ ਫ਼ਿਰਾਉਨ ਦੀ ਬੇਟੀ ਨਾਲ ਮਹਿਲ ਵਿੱਚ ਰਹੇਗਾ। ਪਰਮੇਸ਼ਵਰ, ਜਿਸ ਨੇ ਉਸਦੀ ਜਾਨ ਬਚਾਈ ਸੀ, ਦੇ ਕੋਲ ਬੱਚੇ ਮੂਸਾ ਲਈ ਇੱਕ ਮਹਾਨ ਯੋਜਨਾ ਸੀ।





ਨਦੀ ਦੇ ਵਿੱਚੋਂ ਰਾਜਕੁਮਾਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਕੂਚ ਦੀ ਕਿਤਾਬ 2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130



# ਸਮਾਪਤ

9 60



ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16